(i) **Printed Pages : 3** **Roll No. ................................**

(ii) **Questions : 6** **Sub. Code : | 0 | 2 | 0 | 9 |**

**Exam. Code : | 0 | 0 | 0 | 3 |**

**B.A. (General) 3rd Semester**

**1128**

**PUNJABI (Elective)**

**Paper : Punjabi (Elective)**

**Time Allowed : Three Hours]** **[Maximum Marks : 90**

**ਨੋਟ** :– (1) ਲਿਖਾਈ ਸਾਫ਼ ਅਤੇ ਸ਼ੁੱਧ ਹੋਣੀ ਚਾਹੀਦੀ ਹੈ।

(2) ਭਾਗਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਇਕੋ ਥਾਂ ਹੀ ਕੀਤੇ ਜਾਣ।

(3) ਸਾਰੇ ਪ੍ਰਸ਼ਨਾਂ ਦੇ ਉੱਤਰ ਢੁੱਕਵੇਂ ਹੋਣੇ ਚਾਹੀਦੇ ਹਨ।

I. (ੳ) ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਉਮਰ ਗਵਾਈ ਵਿਚ ਮਸੀਤੀ,
ਅੰਦਰ ਭਰਿਆ ਨਾਲ ਪਲੀਤੀ,
ਕਦੇ ਨਮਾਜ਼ ਵਹਿਦਤ ਨਾ ਕੀਤੀ,
ਹੁਣ ਕਿਉਂ ਕਰਨਾ ਏਂ ਧਾੜੋ-ਧਾੜ ?
ਇਸ਼ਕ ਦੀ -------------

(ii) ਪਰ ਨਾਰਿ ਸਿਉਂ ਪ੍ਰੀਤਿ, ਨ ਹਰਗਿਜ ਲਾਈਐ।
ਕੰਡਿਆਰੀ ਦੀ ਸੇਜ, ਨੀਂਦ ਨਾਹਿ ਪਾਈਐ।
ਮਨ ਮਾਇਆ ਮਹਿ ਮਸਤ, ਸਮਝ ਨਾਹਿੰ ਆਵਹੀਂ।
ਵਜੀਦਾ ਰਹੈ ਰਾਤ ਦਿਨ ਬਉਰ, ਸੁਧ ਨਹਿ ਪਾਵਈ। 10

(ਅ) ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਸਪੱਸ਼ਟ ਕਰੋ :

(i) ਭੈਣਾਂ! ਮੈਂ ਕੱਤਦੀ ਕੱਤਦੀ ਹੁੱਟੀ (ਬੁੱਲ੍ਹੇ ਸ਼ਾਹ)

(ii) ਚੱਠਿਆਂ ਦੀ ਵਾਰ (ਪੀਰ ਮਹੁੰਮਦ) 10

II. (ੳ) 'ਸੱਚੋ-ਸੱਚ' ਸਫ਼ਰਨਾਮੇ ਦੇ ਕਾਂਡ 'ਮਿੱਠੀਆਂ, ਖੱਟੀਆਂ ਤੇ ਕੌੜੀਆਂ' ਦਾ ਸਾਰ ਲਿਖੋ।

**ਜਾਂ**

'ਸੱਚੋ-ਸੱਚ' ਸਫ਼ਰਨਾਮੇ ਦੇ ਕਾਂਡ 'ਊ ਮੈ, ਮੈਂ ਤੂੰ, ਤੂੰ ਤੂੰ, ਮੈਂ ਮੈਂ' ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। 10

(ਅ) 'ਸੱਚੋ-ਸੱਚ' ਸਫ਼ਰਨਾਮੇ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

**ਜਾਂ**

'ਸੱਚੋ-ਸੱਚ' ਸਫ਼ਰਨਾਮੇ ਦੀ ਸਾਹਿਤਕ-ਪਰਖ ਕਰੋ। 10

III. ਹੇਠ ਲਿਖਿਆਂ ਵਿੱਚੋਂ ਕਿਸੇ **ਪੰਜ** ਦੇ ਉੱਤਰ ਦਿਓ :

(ੳ) 'ਕਿੱਸੇ ਦਾ ਆਰੰਭ' ਕਿਸ ਕਵੀ ਦੀ ਰਚਨਾ ਹੈ ?

(ਅ) ਅਲੀ ਹੈਦਰ ਦੀ 'ਸੀਹਰਫ਼ੀ' ਦਾ ਕੇਂਦਰੀ ਭਾਵ ਲਿਖੋ।

(ੲ) ਕਵੀ ਬੁੱਲ੍ਹੇ ਸ਼ਾਹ ਨੇ ਆਪਣੀ ਕਵਿਤਾ 'ਮੈਂ ਉਡੀਕਾਂ ਕਰ ਰਹੀ, ਵਿੱਚ ਕੀ ਵਿਚਾਰ ਪੇਸ਼ ਕੀਤੇ ਹਨ ?

(ਸ) 'ਨਾਦਰ ਸ਼ਾਹ ਤੇ ਵਜ਼ੀਰ ਦੀ ਸਲਾਹ' ਕਵਿਤਾ ਵਿਚਲਾ ਕੇਂਦਰੀ ਭਾਵ ਲਿਖੋ।

(ਹ) ਅਮਰੀਕਾ ਦੇ ਬੱਚਿਆਂ ਦੀ ਪਾਲਣ-ਪੋਸ਼ਣ ਵਿੱਚ ਕੀ ਕਸਰ ਰਹਿ ਜਾਂਦੀ ਹੈ ?

(ਕ) 'ਫਲੋਰੀਡਾ' ਕਿਸ ਤਰ੍ਹਾਂ ਦਾ ਸਥਾਨ ਹੈ ?

(ਖ) ਲੇਖਕ ਡਿਜ਼ਨੀਲੈਂਡ ਵਿਚਲੇ ਝੂਟਿਆਂ ਬਾਰੇ ਕੀ ਦੱਸਦਾ ਹੈ ?

(ਗ) ਪਹਿਲੀ ਨਜ਼ਰੇ ਲੇਖਕ ਨੂੰ ਪੈਰਿਸ ਕਿਸ ਤਰ੍ਹਾਂ ਦਾ ਲੱਗਾ। 2×5=10

IV. ਕਿਸੇ **ਚਾਰ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ। ਉੱਤਰ 50 ਸ਼ਬਦਾਂ ਤਕ ਹੀ ਸੀਮਤ ਹੋਵੇ :

(ੳ) ਬੁੱਲ੍ਹੇ ਸ਼ਾਹ ਦੀ ਕਵਿਤਾ ਲੋਕ-ਕਾਵਿ ਦੇ ਕਿਵੇਂ ਨੇੜੇ ਹੈ ?

(ਅ) ਫਰਦ ਫਕੀਰ ਦੀਆਂ ਰਚਨਾਵਾਂ ਦੇ ਨਾਮ ਦੱਸੋ।

(ੲ) ਗੁਲਾਮ ਜਿਲਾਨੀ ਰੋਹਤਕੀ ਦੀ ਕਵਿਤਾ ਦੇ ਮੁਖ ਕਾਵਿ ਰੂਪ ਦੱਸੋ।

(ਸ) ਅਹਿਮਦਯਾਰ ਦੇ ਕਿੱਸੇ ਕਾਮਰੂਪ ਨਾਲ ਸੰਖੇਪ ਪਰਿਚੈ ਕਰਵਾਓ।

(ਹ) ਮੀਆਂ ਮਹੁੰਮਦ ਬਖ਼ਸ਼ ਨੇ ਕਿਹੜੀਆਂ-ਕਿਹੜੀਆਂ ਕਾਵਿ- ਰਚਨਾਵਾਂ ਸਾਹਿਤ ਨੂੰ ਦਿੱਤੀਆਂ ਹਨ ?

(ਕ) ਸੱਯਦ ਫਜ਼ਲ ਸ਼ਾਹ ਨੇ ਕਿਹੜੇ-ਕਿਹੜੇ ਪੰਜਾਬੀ ਕਿੱਸੇ ਲਿਖੇ।

4×5=20

V. ਰਸ ਸੰਪਰਦਾਇ ਬਾਰੇ ਤੁਸੀਂ ਕੀ ਜਾਣਦੇ ਹੋ ? ਭਾਵ, ਵਿਭਾਵ, ਅਨੁਭਾਵ, ਸੰਚਾਰੀ ਭਾਵ ਅਤੇ ਸਥਾਈ ਭਾਵ ਬਾਰੇ ਭਰਪੂਰ ਜਾਣਕਾਰੀ ਦਿਓ।

**ਜਾਂ**

ਵਕ੍ਰੋਕਤੀ ਸੰਪਰਦਾਇ ਨਾਲ ਜਾਣ-ਪਛਾਣ ਕਰਵਾਓ। 10

VI. ਕਿਸੇ **ਦੋ** ਭਾਸ਼ਾ ਵੰਨਗੀਆਂ ਬਾਰੇ ਜਾਣਕਾਰੀ ਦਿਓ :

(ੳ) ਟਕਸਾਲੀ ਭਾਸ਼ਾ

(ਅ) ਗੁਪਤ ਭਾਸ਼ਾ

(ੲ) ਕਰਿਓਲ

(ਸ) ਵਿਅਕਤੀ ਭਾਸ਼ਾ। 10